**ਇਸ਼ਤਿਹਾਰ ਨੰ. 08/2025**

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

https://sssb.punjab.gov.in

(0172-2298000 (Ex. 5106 and 5107), 0172-2298083)


| **ਲੜੀ ਨੰ:** | **ਵੇਰਵਾ** | **ਪੰਨਾ ਨੰ:** |
|---|---|---|
| **1.** | ਮਹੱਤਵਪੂਰਨ ਮਿਤੀਆਂ | 1 |
| **2.** | ਜਾਣ-ਪਹਿਚਾਣ | 1-5 |
| **3.** | ਅਸਾਮੀਆਂ ਦਾ ਕੈਟਾਗਰੀ-ਵਾਈਜ਼ ਵਰਗੀਕਰਨ | 6-7 |
| **4.** | ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ | 7-8 |
| **5.** | ਵਿੱਦਿਅਕ ਯੋਗਤਾ | 8 |
| **6.** | ਤਨਖਾਹ ਸਕੇਲ | 9 |
| **7.** | ਉਮਰ ਸੀਮਾ | 9 |
| **8.** | ਫੀਸ ਸਬੰਧੀ ਵੇਰਵਾ | 10 |
| **9.** | ਚੋਣ ਵਿਧੀ/ਪ੍ਰੀਖਿਆ ਸਬੰਧੀ ਜਾਣਕਾਰੀ | 10-12 |
| **10.** | ਇਸ਼ਤਿਹਾਰ ਨੰ. 10 ਆਫ 2024 ਵਿੱਚ ਪਹਿਲਾਂ ਤੋਂ ਆਨਲਾਈਨ ਅਪਲਾਈ ਕਰਨ ਵਾਲੇ ਉਮੀਦਵਾਰਾਂ ਸਬੰਧੀ ਗਾਈਡਲਾਈਨਜ਼:- | 12 |
| **11.** | ਅਪਲਾਈ ਕਰਨ ਦੀ ਵਿਧੀ | 12-13 |
| **12.** | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 13-14 |
| **13.** | ਬਿਨੈਕਾਰ ਦੇ ਧਿਆਨ ਹਿੱਤ ਜਰੂਰੀ ਹਦਾਇਤਾਂ | 14-17 |

## ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ

https://sssb.punjab.gov.in

### ਜਨਤਕ ਨਿਯੁਕਤੀਆਂ

**ਮਹੱਤਵਪੂਰਨ ਮਿਤੀਆਂ:-**

**ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ : 17/11/2025**

**ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ : 21/11/2025**

**ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਆਖਰੀ ਮਿਤੀ : 15/12/2025 (05-00 pm ਤੱਕ)**

**ਫੀਸ ਭਰਨ ਦੀ ਆਖਰੀ ਮਿਤੀ : 17/12/2025**

### ਜਾਣ-ਪਹਿਚਾਣ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ-ਬੀ, ਸੀ ਤੇ ਡੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

ਵੱਖ ਵੱਖ ਵਿਭਾਗਾਂ ਤੋਂ ਪ੍ਰਾਪਤ ਮੰਗ ਪੱਤਰ ਅਤੇ ਅਸਾਮੀਆਂ ਦੇ ਵਰਗੀਕਰਨ ਅਨੁਸਾਰ ਹੇਠ ਲਿਖੀਆਂ ਗਰੁੱਪ-ਡੀ ਅਸਾਮੀਆਂ ਦੀ ਭਰਤੀ ਲਈ ਬੋਰਡ ਦੀ ਵੈਬਸਾਈਟ ***https://sssb.punjab.gov.in*** ਤੇ ਯੋਗ ਉਮੀਦਵਾਰਾਂ ਤੋਂ **ਮਿਤੀ 21/11/2025 ਤੋਂ 15/12/2025 ਸ਼ਾਮ 05-00 ਵਜੇ** ਤੱਕ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਲੜੀ ਨੰ: | ਵਿਭਾਗ ਦਾ ਨਾਮ | ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ |
|---|---|---|---|
| 1 | ਆਮ ਰਾਜ ਪ੍ਰਬੰਧ ਵਿਭਾਗ | ਸੇਵਾਦਾਰ | 150 |
| 2 | ਡੇਅਰੀ ਵਿਕਾਸ ਵਿਭਾਗ | ਸੇਵਾਦਾਰ | 22 |
| 3 | ਡਿਪਟੀ ਕਮਿਸ਼ਨਰ ਮਾਨਸਾ | ਸੇਵਾਦਾਰ | 18 |
| 4 | ਚੀਫ਼ ਆਡੀਟਰ | ਸੇਵਾਦਾਰ | 15 |
| 5 | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਸੇਵਾਦਾਰ | 11 |
| 6. | ਆਮ ਰਾਜ ਪ੍ਰਬੰਧ ਵਿਭਾਗ | ਚੌਂਕੀਦਾਰ | 22 |
| 7. | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਚੌਂਕੀਦਾਰ | 05 |
| 8 | ਡੇਅਰੀ ਵਿਕਾਸ ਵਿਭਾਗ | ਸਵੀਪਰ-ਕਮ ਚੌਂਕੀਦਾਰ | 04 |
| 9. | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਸਵੀਪਰ-ਕਮ ਚੌਂਕੀਦਾਰ | 06 |
| 10 | ਡਿਪਟੀ ਕਮਿਸ਼ਨਰ ਮਾਨਸਾ | ਸਫਾਈ ਸੇਵਕ | 05 |
| 11 | ਡਿਪਟੀ ਕਮਿਸ਼ਨਰ ਮਾਨਸਾ | ਸਵੀਪਰ-ਕਮ-ਮਾਲੀ | 01 |
| 12 | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਮੱਛੀ ਪਾਲਕ | 68 |

| | | | |
|---|---|---|---|
| 13 | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਮਾਲੀ-ਕਮ-ਚੌਂਕੀਦਾਰ | 02 |
| 14 | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਬੋਟਮੈਨ | 01 |
| 15 | ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ | ਲੈਬਾਰਟਰੀ ਅਟੈਂਡੇਟ | 01 |
| **ਕੁੱਲ ਅਸਾਮੀਆਂ ਦੀ ਗਿਣਤੀ= 331** | | | |

## ਅਸਾਮੀਆਂ ਦਾ ਕੈਟਾਗਿਰੀ-ਵਾਈਜ਼ ਵਰਗੀਕਰਨ

**(i) ਅਸਾਮੀ ਦਾ ਨਾਮ :- ਸੇਵਾਦਾਰ (150)**

ਸੇਵਾਦਾਰਾਂ ਦੀਆਂ ਅਸਾਮੀਆਂ ਦੀ ਵਿਸਥਾਰਪੂਰਵਕ ਜਾਣਕਾਰੀ/ਗਿਣਤੀ ਅਤੇ ਹੇਠ ਲਿਖੇ ਅਨੁਸਾਰ ਹੈ:-

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਆਮ ਰਾਜ ਪ੍ਰਬੰਧ ਵਿਭਾਗ | General | 53 | 15 |
| | | SC (M&B) | 14 | 06 |
| | | SC (R&O) | 13 | 05 |
| | | BC | 13 | 05 |
| | | ESM General | 11 (02 Backlog | 05 |
| | | ESM SC (M&B) | 04 (01 Backlog) | - |
| | | ESM SC (R&O) | 03 | - |
| | | ESM BC | 04 (01 Backlog) | - |
| | | Sports General | 03 | 01 |
| | | Sports SC (M&B) | 01 (01 Backlog) | - |
| | | Sports SC (R&O) | 1 | |
| | | Physical Handicapped (Ortho) | 03 (01 Backlog) | 01 |
| | | Physical Handicapped (Visually Impaired) | 02 (01 Backlog | - |
| | | Physical Handicapped (Hearing Impaired) | 02 (01 Backlog) | - |
| | | Physical Handicapped (I.D/M.D) | 02 | 01 |
| | | Freedom Fighter | 07 (06 Backlog) | - |
| | | EWS | 14 | 04 |
| | | **Total** | **150 (14 Backlog)** | **43** |

(ii) **ਅਸਾਮੀ ਦਾ ਨਾਮ- ਚੌਂਕੀਂਦਾਰ** (22)

ਚੌਕੀਦਾਰਾਂ ਦੀਆਂ ਅਸਾਮੀਆਂ ਦੀ ਵਿਸਥਾਰਪੂਰਵਕ ਜਾਣਕਾਰੀ/ਗਿਣਤੀ ਅਤੇ ਹੇਠ ਲਿਖੇ ਅਨੁਸਾਰ ਹੈ:-

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਆਮ ਰਾਜ ਪ੍ਰਬੰਧ ਵਿਭਾਗ | General | 06 | 01 |
| | | SC (M&B) | 02 | 01 |
| | | SC (R&O) | 01 | - |
| | | BC | 02 | - |
| | | ESM General | 03 (01 Backlog) | 01 |
| | | ESM SC (M&B) | 01 | - |
| | | Sports General | 01 | 01 |
| | | Physical Handicapped (Ortho) | 01 (01 Backlog) | - |
| | | Physical Handicapped (Visually Impaired) | 01 (01 Backlog | - |

| | | | | |
|---|---|---|---|---|
| | | Physical Handicapped (Hearing Impaired) | 01 (01 Backlog) | - |
| | | Freedom Fighter | 02 (02 Backlog) | - |
| | | EWS | 01 | - |
| | | **Total** | **22 (06 Backlog)** | **04** |

(iii) **ਅਸਾਮੀਂ ਦਾ ਨਾਮ - ਸੇਵਾਦਾਰ** (22)

ਸੇਵਾਦਾਰਾਂ ਦੀਆਂ ਅਸਾਮੀਆਂ ਦੀ ਵਿਸਥਾਰਪੂਰਵਕ ਜਾਣਕਾਰੀ/ਗਿਣਤੀ ਅਤੇ ਹੇਠ ਲਿਖੇ ਅਨੁਸਾਰ ਹੈ:-

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | **ਡੇਅਰੀ ਵਿਕਾਸ ਵਿਭਾਗ** | General | 09 | 03 |
| | | SC (M&B) | 03 | 01 |
| | | SC (R&O) | 02 | 01 |
| | | BC | 02 | 01 |
| | | ESM General | 02 | 01 |
| | | ESM SC (M&B) | 01 | - |
| | | Physical Handicapped (Ortho) | 01 | 01 |
| | | EWS | 02 | 01 |
| | | **Total** | **22** | **09** |

(vi) **ਅਸਾਮੀਂ ਦਾ ਨਾਮ - ਸਵੀਪਰ -ਕਮ ਚੌਂਕੀਦਾਰ** (04)

ਸਵੀਪਰ-ਕਮ ਚੌਂਕੀਦਾਰਾਂ ਦੀਆਂ ਅਸਾਮੀਆਂ ਦੀ ਵਿਸਥਾਰਪੂਰਵਕ ਜਾਣਕਾਰੀ/ਗਿਣਤੀ ਅਤੇ ਹੇਠ ਲਿਖੇ ਅਨੁਸਾਰ ਹੈ:-

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | **ਡੇਅਰੀ ਵਿਕਾਸ ਵਿਭਾਗ** | General | 03 | - |
| | | SC (M&B) | 01 | - |
| **Total Posts** | | | 04 | - |

(v) **ਅਸਾਮੀਂ ਦਾ ਨਾਮ -ਸੇਵਾਦਾਰ** (18)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| | **ਡਿਪਟੀ ਕਮਿਸ਼ਨਰ, ਮਾਨਸਾ** | SC (M&B) | 1 | 1 |
| | | BC | 05 | 02 |
| | | ESM General | 04 | 03 |
| | | ESM SC (R&O) | 01 | - |
| | | ESM BC | 01 | - |
| | | Sports General | 01 | 01 |
| | | Sports SC (M&B) | 01 | - |
| | | Physical Handicapped (Visually Impaired) | 01 | 01 |
| | | Freedom Fighter | 01 | - |
| | | EWS | 02 | 01 |
| | | **Total** | **18** | **09** |

(vi) **ਅਸਾਮੀ ਦਾ ਨਾਮ:- ਸਫਾਈ ਸੇਵਕ (05)**

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | **ਡਿਪਟੀ ਕਮਿਸ਼ਨਰ** | General | 01 | 01 |
| | | SC (R&O) | 01 | - |

| | | | | |
|---|---|---|---|---|
| | | BC | 01 | 01 |
| | | ESM General | 01 | 01 |
| | | EWS | 01 | 01 |
| | | **Total** | **05** | **04** |

(vi) **ਅਸਾਮੀ ਦਾ ਨਾਮ:- ਸਵੀਪਰ-ਕਮ ਮਾਲੀ (01)**

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਡਿਪਟੀ ਕਮਿਸ਼ਨਰ | General | 01 | - |
| | | **Total** | **01** | **-** |

**(vii) ਅਸਾਮੀ ਦਾ ਨਾਮ:- ਸੇਵਾਦਾਰ (15)**

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਚੀਫ ਆਡੀਟਰ ਸਹਿਕਾਰੀ ਸਭਾਵਾਂ | General | 03 | 01 |
| | | SC (M&B) | 01 | 01 |
| | | SC (R&O) | 01 | - |
| | | BC | 02 (01 Backlog) | 01 |
| | | ESM General | 04 (03 Backlog | 01 |
| | | ESM SC (M&B) | 01 (01 Backlog) | - |
| | | Sports SC (M&B) | 01 (01 Backlog) | - |
| | | Freedom Fighter | 01 (01 Backlog) | - |
| | | EWS | 01 | 01 |
| | | **Total** | **15 (07 Backlog)** | **05** |

(viii) **ਅਸਾਮੀ ਦਾ ਨਾਮ: ਮੱਛੀ ਪਾਲਕ (ਫਿਸਰਮੈਨ)** (68)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 26 | - |
| | | SC (M&B) | 06 | - |
| | | SC (R&O) | 06 | - |
| | | BC | 06 | - |
| | | ESM General | 04 | - |
| | | ESM SC (M&B) | 02 | - |
| | | ESM SC (R&O) | 02 | - |
| | | ESM BC | 01 | - |
| | | Sports General | 04 | - |
| | | Sports SC (M&B) | 01 | - |
| | | Physical Handicapped (Ortho) | 01 | - |
| | | Physical Handicapped (Visually Impaired) | 01 | - |
| | | Physical Handicapped (Hearing Impaired) | 01 | - |
| | | Physical Handicapped (I.D/M.D) | 01 | - |
| | | EWS | 06 | - |
| | | **Total** | **68** | **-** |

(viv) **ਅਸਾਮੀ ਦਾ ਨਾਮ: ਸੇਵਾਦਾਰ** (11)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|

| | | | | |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 02 | 01 |
| | | SC (M&B) | 03 | 02 |
| | | SC (R&O) | 02 | 01 |
| | | BC | 01 | - |
| | | ESM General | 01 | - |
| | | ESM BC | 01 | - |
| | | Sports General | 01 | - |
| | | **Total** | **11** | **04** |

(ix) **ਅਸਾਮੀ ਦਾ ਨਾਮ: ਚੌਂਕੀਦਾਰ** (05)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 02 | - |
| | | SC (M&B) | 01 | - |
| | | BC | 02 | - |
| | | **Total** | **05** | **-** |

(x) **ਅਸਾਮੀ ਦਾ ਨਾਮ: ਮਾਲੀ-ਕਮ ਚੌਂਕੀਦਾਰ** (02)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 01 | - |
| | | SC (M&B) | 01 | - |
| | | **Total** | **02** | **-** |

(xi) **ਅਸਾਮੀ ਦਾ ਨਾਮ: ਸਵੀਪਰ-ਕਮ ਚੌਂਕੀਦਾਰ** (06)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 02 | - |
| | | SC (M&B) | 01 | - |
| | | BC | 01 | - |
| | | ESM SC (M&B) | 01 | - |
| | | ESW | 01 | - |
| | | **Total** | **06** | **-** |

(xi) **ਅਸਾਮੀ ਦਾ ਨਾਮ: ਬੋਟਮੈਨ** (01)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 01 | - |
| | | **Total** | **01** | **-** |

(xii) **ਅਸਾਮੀ ਦਾ ਨਾਮ: ਲੈਬਾਰਟਰੀ ਅਟੈਂਡੇਟ** (01)

| Sr. No. | Name of the Department | Category | Total No. of Vacancies (A) | Vacancies reserved for Women out of total (A) |
|---|---|---|---|---|
| 01 | ਮੱਛੀ ਪਾਲਣ ਵਿਭਾਗ | General | 01 | - |
| | | **Total** | **01** | **-** |

ਨੋਟ: i) **<u>ਇਸ਼ਤਿਹਾਰ ਨੰ. 10 ਆਫ 2024 ਰਾਹੀਂ ਸੇਵਾਦਾਰ ਅਤੇ ਚੌਂਕੀਦਾਰ ਦੀਆਂ ਅਸਾਮੀਆਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ, ਬਾਅਦ ਵਿੱਚ ਇਹ ਅਸਾਮੀਆਂ ਬੋਰਡ ਵਲੋਂ ਵਾਪਿਸ ਲੈ ਲਈਆਂ ਗਈਆਂ ਹਨ</u>**। ਜਿਨ੍ਹਾਂ ਉਮੀਦਵਾਰਾਂ ਵਲੋਂ ਇਹਨਾਂ ਅਸਾਮੀਆਂ ਲਈ ਅਪਲਾਈ ਕੀਤਾ ਗਿਆ ਸੀ, ਉਹ ਇਸ਼ਤਿਹਾਰ ਨੰ. 08 ਆਫ 2025 ਅਧੀਨ ਅਪਲਾਈ ਕਰ ਸਕਦੇ ਹਨ, ਇਸ ਇਸ਼ਤਿਹਾਰ ਅਧੀਨ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਫੀਸ ਭਰਨ ਤੋਂ ਵੀ ਛੋਟ ਦਿੱਤੀ ਜਾਂਦੀ ਹੈ, ਪਰੰਤੂ ਉਮੀਦਵਾਰਾਂ ਨੂੰ ਆਪਣੇ ਪੁਰਾਣੇ ਇਸ਼ਤਿਹਾਰ ਦੇ ਲਾਗਇੰਨ ਆਈ.ਡੀ. ਅਤੇ ਜਨਮ ਮਿਤੀ ਭਰ ਕੇ ਨਵੇਂ ਸਿਰੇ ਤੋਂ ਇਸ਼ਤਿਹਾਰ (08 ਆਫ 2025) ਅਧੀਨ ਆਪਣਾ ਨਵਾਂ ਐਪਲੀਕੇਸ਼ਨ ਫਾਰਮ ਸਬਮਿਟ ਕਰਨਾ ਲਾਜਮੀ ਹੋਵੇਗਾ, ਐਪਲੀਕੇਸ਼ਨ ਫਾਰਮ ਸਬਮਿਟ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਦੀ ਪਾਤਰਤਾ ਇਸ਼ਤਿਹਾਰ ਨੰ. 08 ਆਫ 2025 ਲਈ ਵਿਚਾਰੀ ਨਹੀਂ ਜਾਵੇਗੀ।

(i) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਹੋਏ ਮੰਗ-ਪੱਤਰਾਂ ਵਿੱਚ ਦਰਸਾਏ ਵਰਗੀਕਰਨ ਅਨੁਸਾਰ ਹੀ ਹੈ। ਜੇਕਰ ਸਬੰਧਤ ਵਿਭਾਗ ਵੱਲੋਂ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜਾਂ ਰੱਦ ਕਰਨ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ Corrigendum/notice ਜਾਰੀ ਕਰਦੇ ਹੋਏ ਸੋਧ ਕੀਤੀ ਜਾ ਸਕਦੀ ਹੈ। ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ ਅਤੇ ਹਰ ਉਮੀਦਵਾਰ ਇਸਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

(ii) ਉਕਤ ਦਰਸਾਈਆਂ ਅਸਾਮੀਆਂ ਲਈ ਉਮੀਦਵਾਰ ਤੋਂ ਵਿਭਾਗਾਂ ਦੀ ਆਨਲਾਈਨ ਪ੍ਰੈਫਰੈਂਸ ਪੋਰਟਲ ਰਾਹੀਂ ਲਈ ਜਾਵੇਗੀ ਅਤੇ ਸਬੰਧਤ ਵਿਭਾਗ/ਲੜੀ ਨੰ ਅਨੁਸਾਰ ਉਪਲੱਬਧਤਾ ਅਨੁਸਾਰ ਵਿਚਾਰੀ ਜਾਵੇਗੀ। ਜੇਕਰ ਕਿਸੇ ਉਮੀਦਵਾਰ ਵੱਲੋਂ ਪ੍ਰੈਫਰੈਂਸ ਨਹੀਂ ਦਿੱਤੀ ਜਾਂਦੀ ਤਾਂ ਉਸ ਉਮੀਦਵਾਰ ਦੀ ਪ੍ਰੈਫਰੈਂਸ By Defaut ਮੰਨਣਯੋਗ ਹੋਵੇਗੀ।

**(iii)** ਸ਼੍ਰੇਣੀ ਕੋਡ (Category Codes): ਉਮੀਦਵਾਰ ਵੱਲੋਂ ਆਨਲਾਈਨ ਅਪਲਾਈ ਕਰਨ ਸਮੇਂ ਸ਼੍ਰੇਣੀ ਅਤੇ ਸ਼੍ਰੇਣੀ ਕੋਡ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕੀਤਾ ਜਾਵੇ। ਇਨ੍ਹਾਂ ਅਸਾਮੀਆਂ ਦੇ ਸ਼੍ਰੇਣੀ ਕੋਡ ਹੇਠ ਲਿਖੇ ਅਨੁਸਾਰ ਹਨ:-

| Sr. No. | Category | Code |
|---|---|---|
| 1 | General | 101 |
| 2 | Economically Weaker Section (GEN) | 102 |
| 3 | S.C. (Mazhbi & Balmiki) | 103 |
| 4 | S.C. (Ramdasia & Others) | 104 |
| 5 | B.C. (Backward Class) | 105 |
| 6 | Ex. Service Men-General (Self) | 106 |
| 7 | Ex. Service Men-General (Dependent) | 107 |
| 8 | Ex. Service Men –S.C.(Mazhbi & Balmiki) (Self) | 108 |
| 9 | Ex. Service Men –S.C. (Mazhbi & Balmiki) (Dependent) | 109 |
| 10 | ESM S.C (R & O) (Self) | 110 |
| 11 | ESM S.C (R & O) (Dependent) | 111 |
| 12 | ESM B.C (Self) | 112 |
| 13 | ESM B.C (Dependent) | 113 |
| 14. | Sports General | 114 |

| | | |
|---|---|---|
| 15. | Sports –S.C.(Mazhbi & Balmiki) | 115 |
| 16. | Sports –S.C.( R & O) | 116 |
| 17. | Physical Handicapped (Ortho) | 117 |
| 18. | Physical Handicapped (VH) | 118 |
| 19. | Physical Handicapped (HH) | 119 |
| 20. | Physical Handicapped (MI /MD) | 120 |
| 21. | Freedom Fighter | 121 |

## 2. ਰਾਖਵਾਂਕਰਨ/Reservation ਸਬੰਧੀ ਮਹੱਤਵਪੂਰਨ ਹਦਾਇਤਾਂ:-

(i) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਸੁਚੇਤ ਹੋ ਕੇ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾਵੇਗਾ।

(ii) ਉਮੀਦਵਾਰ ਕਿਸੇ ਵੀ ਅਜਿਹੀ ਸ਼੍ਰੇਣੀ ਵਿਰੁੱਧ ਅਪਲਾਈ ਨਾ ਕਰਨ ਜਿਸ ਦੀ ਅਸਾਮੀ ਉਪਰ ਦਰਸਾਈ ਸਾਰਣੀ ਵਿੱਚ ਦਰਜ ਨਹੀਂ ਹੈ ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਸ਼੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿੱਚ ਅਜਿਹੇ ਪ੍ਰਾਰਥੀ ਦੀ ਪਾਤਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

(iii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖਣ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਉਸਦੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

(iv) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜ਼ਾ ਜਾਰੀ ਹੋਇਆ ਸਰਟੀਫਿਕੇਟ (Domicile/Residence Certificate) ਪੇਸ਼ ਕਰੇਗਾ। ਇਹ ਸਰਟੀਫਿਕੇਟ ਹਰ ਸ਼੍ਰੇਣੀ ਦੇ ਉਮੀਦਵਾਰ (ਪੁਰਸ਼/ਇਸਤਰੀ) ਵੱਲੋਂ ਪੇਸ਼ ਕਰਨਾ ਲਾਜ਼ਮੀ ਹੈ ਇਹ ਸਰਟੀਫਿਕੇਟ ਕੌਂਸਲਿੰਗ ਦੌਰਾਨ ਪੇਸ਼ ਕਰਨ ਸਮੇਂ ਕਿਸੇ ਵੀ ਸਥਿਤੀ ਵਿੱਚ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।

(v) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀ/ਅੰਗਹੀਣ/ਖਿਡਾਰੀ/ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(vi) ਉਮੀਦਵਾਰ ਕਾਉਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਬੋਰਡ ਦੀ ਮੰਗ ਅਨੁਸਾਰ ਆਪਣੀ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋਂ ਪੇਸ਼ ਕਰੇਗਾ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ

ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

**ਨੋਟ:-** (i) ESM ਦੀ ਅਸਾਮੀ ESM(Self) ਉਮੀਦਵਾਰਾਂ ਵਿੱਚੋਂ ਹੀ ਭਰੀ ਜਾਏਗੀ। ESM(Self) ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀ ESM(Dependent) ਉਮੀਦਵਾਰਾਂ ਵਿੱਚੋਂ ਭਰੀ ਜਾਏਗੀ।

(ii) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08.05.2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:-

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

*"Provided further that when an ex-serviceman is not available for the recruitment against a reserved vacancy and further no wife or dependent child of an Ex-serviceman is available for recruitment against a reserved vacancy, such a vacancy shall be reserved to be filled in by recruitment of the grand child of a Gallantry Award Winner, in case the benefit of reservation has not been availed for by any of the children or dependents of such winner or by the winner himself subject to the conditions specified in the second proviso."*

**3. ਲੋੜੀਂਦੀ ਵਿੱਦਿਅਕ ਯੋਗਤਾ (Educational Qualification) :-**

| ਲੜੀ ਨੰ. | ਅਸਾਮੀਆਂ ਦੇ ਨਾਮ | ਵਿਦਿਅਕ ਯੋਗਤਾ |
|---|---|---|
| 1. | **ਸੇਵਾਦਾਰ, ਚੌਂਕੀਦਾਰ , ਸਵੀਪਰ ਕਮ-ਚੌਂਕੀਦਾਰ, ਸਫਾਈ ਸੇਵਕ, ਸਵੀਪਰ ਕਮ-ਮਾਲੀ, ਮਾਲੀ-ਕਮ- ਚੌਂਕੀਦਾਰ , ਮੱਛੀ ਪਾਲਕ, ਬੋਟਮੈਨ ਲੈਬਾਰਟਰੀ ਅਟੈਂਡੇਟ** | ਪੰਜਾਬ ਰਾਜ (ਗਰੁੱਪ ਡੀ) ਸਰਵਿਸ ਰੂਲਜ਼, 1963 ਅਤੇ ਇਨ੍ਹਾਂ ਨਿਯਮਾਂ ਵਿੱਚ ਸਮੇਂ-ਸਮੇਂ ਤੇ ਹੋਈਆਂ ਸੋਧਾਂ ਮੁਤਾਬਕ ਹੇਠ ਲਿਖੀ ਅਨੁਸਾਰ ਵਿੱਦਿਅਕ ਯੋਗਤਾ:-<br>"has passed examination of Matriculation with Punjabi Language as one of the subjects from a recognized educationa institution. |

ਨੋਟ:-

(A) ਉਪਰ ਦਰਸਾਈਆਂ ਅਸਾਮੀਆਂ ਲਈ Punjab State (Group-D) Service Rules 1963 ਦੇ ਨਿਯਮ 5 ਦੇ Clause (d) ਵਿੱਚ ਮਿਤੀ 29 ਜੁਲਾਈ, 2025 ਨੂੰ ਕੀਤੇ ਗਈ ਸੋਧ ਮੁਤਾਬਿਕ ਹੇਠ ਲਿਖੇ ਅਨੁਸਾਰ ਉਪਬੰਦ ਕੀਤਾ ਗਿਆ ਹੈ:-

*"**Provided that** no person shall be appointed to any post in any service by direct appointment unless he has passed a qualifying test of Punjabi Language equivalent to Matriculation with at least fifty per cent marks, to be conducted by the respective recruitment agencies in addition to competitive examination. The test of Punjabi Language shall be mandatory qualifying test and failure to secure a minimum of fifty per cent marks in Punjabi Language will disqualify the candidate for being*

*considered in the final merit list of candidates to be selected irrespective of their scores or marks in other papers of the respective exam.*

(B) ਵਿਦਿਅਕ ਯੋਗਤਾ/ਤਕਨੀਕੀ ਯੋਗਤਾ ਸਰਟੀਫਿਕੇਟ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਦਾ ਜਾਰੀ ਹੋਇਆ ਹੋਣਾ ਜਰੂਰੀ ਹੈ।

**4. ਇਨ੍ਹਾਂ ਅਸਾਮੀਆਂ ਦਾ ਤਨਖਾਹ ਸਕੇਲ ਹੇਠ ਦਰਸਾਏ ਅਨੁਸਾਰ ਹੈ:-**

| ਲੜੀ ਨੰ. | ਅਸਾਮੀਆਂ ਦੇ ਨਾਮ | Pay Scale as per 7th CPC |
|---|---|---|
| 1. | **ਸੇਵਾਦਾਰ, ਚੌਂਕੀਦਾਰ , ਸਵੀਪਰ ਕਮ-ਚੌਂਕੀਦਾਰ, ਸਫਾਈ ਸੇਵਕ, ਸਵੀਪਰ ਕਮ-ਮਾਲੀ, ਮਾਲੀ-ਕਮ- ਚੌਂਕੀਦਾਰ , ਮੱਛੀ ਪਾਲਕ, ਬੋਟਮੈਨ ਅਤੇ ਲੈਬਾਰਟਰੀ ਅਟੈਂਡੇਟ** | 18000-56900/ (Level - 1) 7th CPC |

ਨੋਟ:- ਤਨਖਾਹ ਸਕੇਲ ਅਤੇ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/204/2012-4FP1/66-72, ਮਿਤੀ 15/01/2015 ਅਤੇ ਪੱਤਰ ਨੰ: 7/204/2015-4FP1/853793, ਮਿਤੀ 04/10/2016 ਅਤੇ ਪੱਤਰ ਨੰ: 10PYSC/9/2023-3FPI/166-71, ਮਿਤੀ 27/06/2023 ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

**5. ਉਮਰ ਸੀਮਾ:-**

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2025 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:-

(i) ਕਿਸੇ ਵੀ ਸ੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।

(ii) ਜਨਰਲ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

(iv) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(v) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾ Punjab Recruitment of Ex-Servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ ਇਹ ਉਮਰ ਦੀ ਉਪਰਲੀ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(vi) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾ ਵਿੱਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(vii) The upper age limit for widows, divorcees and certain other categories of married women as per instructions issued by the Government of Punjab vide letter No. 1/50/83-5PP(1368)/3454 dated 23.04.1984 will be relaxed up to 40 years.

**ਨੋਟ:- 1. ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕਾਉਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

**6. ਫੀਸ ਦਾ ਵੇਰਵਾ:**

| | | |
|---|---|---|
| ਆਮ ਵਰਗ (General Category)/ਸੁਤੰਤਰਤਾ ਸੰਗਰਾਮੀ/ਖਿਡਾਰੀ | - | 1000/- ਰੁਪਏ |
| ਐਸ.ਸੀ.(S.C)/ਬੀ.ਸੀ.(BC)/ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) | - | 250/- ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ (Ex-Servicemen & Dependent) | - | 200/- ਰੁਪਏ |
| ਦਿਵਿਆਂਗ (Physical Handicapped) | - | 500/- ਰੁਪਏ |

**ਨੋਟ:- ਉਮੀਦਵਾਰਾਂ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਏਗੀ।**

**7. ਚੋਣ ਵਿਧੀ:**

i. ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਚੋਣ ਕਰਨ ਲਈ Objective type (Multiple Choice Questions) ਲਿਖਤੀ ਪ੍ਰੀਖਿਆ ਹੋਵੇਗੀ। ਲਿਖਤੀ ਪ੍ਰੀਖਿਆ ਦਾ ਸਿਲੇਬਸ/ਪੈਟਰਨ ਬਾਅਦ ਵਿੱਚ ਵੈੱਬਸਾਈਟ ਤੇ ਅਪਲੋਡ ਕੀਤਾ ਜਾਏਗਾ।

ii. ਉਮੀਦਵਾਰਾਂ ਨੂੰ ਲਿਖਤੀ ਪ੍ਰੀਖਿਆ ਲਈ ਬੋਰਡ ਦੀ ਵੈੱਬਸਾਈਟ ਤੇ ਹੀ Online Admit Card ਜਾਰੀ ਕੀਤੇ ਜਾਣਗੇ, ਸੋ ਉਮੀਦਵਾਰ ਬੋਰਡ ਦੀ ਵੈਬਸਾਈਟ ਲਗਾਤਾਰ ਚੈੱਕ ਕਰਦੇ ਰਹਿਣ।

iii. ਉਮੀਦਵਾਰਾਂ ਦੀ ਮੈਰਿਟ ਸੂਚੀ (Merit List) ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਏਗੀ।

iv. ਜੇਕਰ ਦੋ ਜਾਂ ਦੋ ਤੋਂ ਵੱਧ ਉਮੀਦਵਾਰਾਂ ਦੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੀ ਬਾਰਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਦੇ ਹੋਏ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਜੇਕਰ ਜਨਮ ਮਿਤੀ ਅਨੁਸਾਰ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਉਪਰੰਤ ਅਸਾਮੀ ਲਈ ਲੋੜੀਂਦੀ ਵਿਦਿਅਕ ਯੋਗਤਾ ਦੀ ਅੰਕ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਲ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਜੇਕਰ ਇਸ ਉਪਰੰਤ ਵੀ ਅੰਕਾਂ ਦੀ ਬਰਾਬਰਤਾ ਦਾ ਮਾਮਲਾ ਨਹੀਂ ਸੁਲਝਦਾ ਹੈ ਤਾਂ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਵੱਧ ਮੈਟ੍ਰਿਕ ਅੰਕ ਹਾਸਲ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਇਸ ਵਿਧੀ ਅਨੁਸਾਰ ਮੈਰਿਟ ਦੀ ਬਰਾਬਰਤਾ ਦੇ ਮਾਮਲੇ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ ਅਤੇ ਇਹ ਸਭ ਉਮੀਦਵਾਰਾਂ ਤੇ ਲਾਗੂ ਹੋਵੇਗਾ।

v. ਉਮੀਦਵਾਰਾਂ ਦੇ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਮੈਰਿਟ ਸੂਚੀ ਦੇ ਆਧਾਰ ਤੇ ਉਮੀਦਵਾਰਾਂ ਨੂੰ ਕਾਉਂਸਲਿੰਗ ਲਈ ਬੁਲਾਇਆ ਜਾਏਗਾ। ਕਾਉਂਸਲਿੰਗ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਦਾ ਫੈਸਲਾ ਬੋਰਡ ਜਾਂ ਬੋਰਡ ਦੀ ਸਮਰੱਥ ਅਥਾਰਟੀ/ਅਧਿਕਾਰੀ

vi. ਵੱਲੋਂ ਸ਼੍ਰੇਣੀ ਵਾਈਜ ਅਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਜਾਏਗਾ। ਇਸ ਉਪਰੰਤ ਕਾਉਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

vii. ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਉਮੀਦਵਾਰ ਦੀ ਯੋਗਤਾ ਸਿੱਧ ਹੋਣ ਉਪਰੰਤ ਹੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ। ਉਮੀਦਵਾਰ ਵੱਲੋਂ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

viii. ਲਿਖਤੀ ਪ੍ਰਿਖਿਆ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦਾ ਸਮਾਂ, ਪ੍ਰੀਖਿਆ ਕੇਂਦਰ, Admit Card, ਨਤੀਜਾ, ਮੈਰਿਟ ਸੂਚੀ ਅਤੇ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵਿਅਕਤੀਗਤ ਤੌਰ ਤੇ ਕੋਈ ਵੀ ਪੱਤਰ-ਵਿਹਾਰ/ਸੂਚਨਾ ਨਹੀਂ ਭੇਜੀ ਜਾਏਗੀ। ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਲਗਾਤਾਰ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

ix. ਕਾਉਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ/ਪਾਤਰਤਾ ਦੇ ਆਧਾਰ ਤੇ ਬਿਨੈ ਕਰਨ ਵਾਲੀ ਸ਼੍ਰੇਣੀ/ਅਸਾਮੀ ਕੋਡ ਵਿੱਚ ਹੀ ਵਿਚਾਰਿਆ ਜਾਵੇਗਾ।

x. ਮੈਰਿਟ ਸੂਚੀ ਅਨੁਸਾਰ ਭੇਜੀਆਂ ਜਾਣ ਵਾਲੀਆਂ ਸਿਫਾਰਿਸ਼ਾਂ ਪ੍ਰੈਫਰੈਂਸ ਕਮ ਮੈਰਿਟ ਦੇ ਆਧਾਰ ਤੇ ਤਿਆਰ ਕੀਤੀਆਂ ਜਾਣਗੀਆਂ।

**8. <u>ਇਸ਼ਤਿਹਾਰ ਨੰ. 10 ਆਫ 2024 ਵਿੱਚ ਪਹਿਲਾਂ ਤੋਂ ਆਨਲਾਈਨ ਅਪਲਾਈ ਕਰਨ ਵਾਲੇ ਉਮੀਦਵਾਰਾਂ ਸਬੰਧੀ ਗਾਈਡਲਾਈਨਜ਼</u>:-**

**ਹੁਣ ਨਵੇਂ ਇਸ਼ਤਿਹਾਰ ਵਿੱਚ ਦਰਸਾਈਆਂ ਸ਼ਰਤਾਂ ਮੁਤਾਬਿਕ ਯੋਗ ਉਮੀਦਵਾਰਾਂ** ਜਿਨ੍ਹਾਂ ਨੇ ਪਹਿਲਾਂ ਹੀ ਇਸ਼ਤਿਹਾਰ ਨੰ**. 10** ਆਫ **2024, ਇਸ਼ਤਿਹਾਰ** ਰਾਹੀਂ ਪ੍ਰਕਾਸ਼ਿਤ ਆਸਾਮੀਆਂ ਵਿੱਚ ਆਨਲਾਈਨ ਬਿਨੈ-ਫਾਰਮ **submit** ਕੀਤਾ ਹੋਇਆ ਹੈ ਅਤੇ **ਪ੍ਰੀਖਿਆ** ਫੀਸ ਦਾ ਭੁਗਤਾਨ ਵੀ ਕੀਤਾ ਹੈ, ਉਨ੍ਹਾਂ ਉਮੀਦਵਾਰਾਂ ਨੂੰ ਹੇਠ ਦਰਸਾਈਆਂ ਹਦਾਇਤਾਂ ਅਨੁਸਾਰ ਮੁੜ ਆਪਣਾ ਆਨਲਾਈਨ ਐਪੀਕਸ਼ੇਨ ਫਾਰਮ **submit** ਕਰਨਾ ਹੋਵੇਗਾ**:-**

(i)

(ii) ਉਮੀਦਵਾਰ ਨੂੰ ਪਹਿਲਾਂ ਦਿੱਤੇ ਯੂਜ਼ਰ ਆਈ.ਡੀ. ਅਤੇ ਪਾਸਵਰਡ ਨਾਲ **login** ਕਰਨਗੇ (ਦੁਬਾਰਾ ਰਜਿਸਟਰ ਕਰਨ ਦੀ ਕੋਈ ਲੋੜ ਨਹੀਂ ਹੈ)

(iii) ਉਮੀਦਵਾਰਾਂ ਵੱਲੋਂ ਪਹਿਲਾਂ ਦਾਖਲ ਕੀਤੇ ਗਏ ਵੇਰਵਿਆਂ ਅਨੁਸਾਰ ਅਪਡੇਟ ਕੀਤੀ ਜਾਣ ਵਾਲੀ ਜਾਣਕਾਰੀ **display** ਹੋਵੇਗੀ ਅਤੇ ਉਮੀਦਵਾਰ ਫਾਰਮ ਨੂੰ ਬਿਨ੍ਹਾਂ ਫੀਸ ਅਦਾ ਕੀਤੇ ਸਬਮਿਟ ਕਰਨਗੇ। ਜਿਹੜੇ ਉਮੀਦਵਾਰਾਂ ਵੱਲੋਂ ਇਹ ਫਾਰਮ ਸਬਮਿਟ ਨਹੀਂ ਕੀਤਾ ਜਾਵੇਗਾ, ਉਨ੍ਹਾਂ ਦਾ ਇਸ ਇਸ਼ਤਿਹਾਰ ਰਾਹੀਂ ਪ੍ਰਕਾਸ਼ਿਤ ਆਸਾਮੀਆਂ ਲਈ ਕੋਈ ਕਲੇਮ ਨਹੀਂ ਹੋਵੇਗਾ।

(iv) ਉਮੀਦਵਾਰ ਆਪਣੇ ਆਨਲਾਈਨ ਫਾਰਮ ਵਿੱਚ ਸੋਧ ਕਰ ਸਕਦੇ ਹਨ।

## 9. ਅਪਲਾਈ ਕਰਨ ਦੀ ਵਿਧੀ:

I. ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ "Online Applications" ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ **ਮਿਤੀ 21/11/2025 ਤੋਂ 15/12/2025 ਸ਼ਾਮ 5:00 ਵਜ਼ੇ ਤੱਕ** ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਇਹ ਰੱਦ ਸਮਝੀ ਜਾਵੇਗੀ।

II. ਆਨਲਾਈਨ ਅਪਲਾਈ ਕਰਨ ਦੀਆਂ ਹਦਾਇਤਾਂ (instructions) ਬੋਰਡ ਦੀ ਵੈਬਸਾਈਟ ਤੇ ਮੌਜੂਦ ਇਸ ਭਰਤੀ ਦੇ ਲਿੰਕ ਹੇਠ ਦਰਜ਼ ਹਨ। ਉਮੀਦਵਾਰ ਇਸ ਲਿੰਕ ਤੇ ਕਲਿਕ ਕਰਨ ਉਪਰੰਤ ਇੰਨ੍ਹਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਹੀ ਹਰ ਇੱਕ Step ਨੂੰ ਸਫਲਤਾਪੂਰਵਕ ਮੁਕੰਮਲ ਕਰਨ।

III. **ਬਿਨੈਕਾਰ ਨੂੰ ਹਰ ਅਸਾਮੀ ਲਈ ਵੱਖਰਾ ਆਨਲਾਈਨ ਫਾਰਮ ਅਤੇ ਵੱਖਰੀ ਫੀਸ ਭਰਨੀ ਹੋਵੇਗੀ ਭਾਵ ਜੇਕਰ ਕੋਈ ਬਿਨੈਕਾਰ ਦੋ/ਤਿੰਨ ਅਸਾਮੀਆਂ ਲਈ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਦੋ/ਤਿੰਨ ਵੱਖਰੇ ਆਨਲਾਈਨ ਫਾਰਮ ਸਬਮਿਟ ਕਰਨੇ ਹੋਣਗੇ ਅਤੇ ਹਰ ਫਾਰਮ ਦੀ ਵੱਖਰੀ ਫੀਸ ਅਦਾ ਕਰਨਾ ਹੋਵੇਗੀ। ਇਸ ਮੰਤਵ ਲਈ ਬਿਨੈਕਾਰ ਨੂੰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਸਭ ਤੋਂ ਪਹਿਲਾਂ ਦਰਸਾਈਆਂ ਅਸਾਮੀਆਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ ਜਿਸ ਲਈ ਉਹ ਬਿਨੈ ਕਰਨਾ ਚਾਹੁੰਦਾ ਹੈ।** ਉਮੀਦਵਾਰ ਅਸਾਮੀ ਦੀ ਚੋਣ ਕਰਨ ਉਪਰੰਤ ਸਭ ਤੋਂ ਪਹਿਲਾਂ ਨਿੱਜੀ ਅਤੇ ਵਿਦਿਅਕ ਜਾਣਕਾਰੀ ਭਰਕੇ ਰਜਿਸਟਰੇਸ਼ਨ ਕਰਨਗੇ। ਰਜਿਸਟਰੇਸ਼ਨ ਸਫਲ ਹੋਣ ਉਪਰੰਤ Username generate ਹੋ ਜਾਏਗਾ, ਜਿਸਦੀ ਵਰਤੋਂ ਕਰਕੇ ਉਮੀਦਵਾਰ ਫਿਰ ਤੋਂ Login ਕਰਕੇ Step-wise ਹਰ ਪੱਖੋਂ ਮੁੰਕਮਲ Application Form ਭਰਨਗੇ ਅਤੇ ਇਸਨੂੰ Submit ਕਰਨਗੇ। ਪ੍ਰੰਤੂ ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਹੋਏਗਾ।

IV. ਉਮੀਦਵਾਰ Online Application Form ਭਰਨ ਸਮੇਂ ਆਪਣੀ ਪਾਸਪੋਰਟ ਸਾਈਜ਼ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੇ ਵਿਦਿਅਕ ਯੋਗਤਾ ਜਿਵੇਂ ਕਿ ਮੈਟ੍ਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਬਾਰਵੀਂ ਦਾ ਸਰਟੀਫਿਕੇਟ ਅਤੇ ਡਿਪਲੋਮਾ/ਗਰੈਜੁਏਸ਼ਨ/ਕੋਰਸ ਸਰਟੀਫਿਕੇਟ ਆਦਿ ਸਕੈਨ ਕਰਕੇ ਅਪਲੋਡ ਕਰਨਗੇ। ਇੰਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਅਤੇ ਮੁਕੰਮਲ Online Application Form submit ਹੋਣ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੇ ਦਿਨ ਭਾਵ ਫਾਰਮ ਸਬਮਿਟ ਕਰਨ ਤੋਂ ਤੀਸਰੇ ਦਿਨ ਤੋਂ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

V. ਅਪਲਾਈ ਕਰਨ ਦੀ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਦੀ **ਆਖਰੀ ਮਿਤੀ 17/12/2025 ਹੋਵੇਗੀ**। ਫੀਸ ਭਰਨ ਲਈ ਉਮੀਦਵਾਰ ਰਜਿਸਟਰੇਸ਼ਨ ਕਰਨ ਉਪਰੰਤ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿੱਕ

ਕਰਕੇ “Upload Photo Sign/Pay Fee/Print Application” ਲਿੰਕ ਤੇ ਕਲਿਕ ਕਰਕੇ Login ਕਰਨਗੇ। **ਬੋਰਡ ਦੀ ਵੈਬਸਾਈਟ ਤੇ Login ਕਰਨ ਲਈ Registration Number ਅਤੇ ਜਨਮ ਮਿਤੀ DD/MM/YYYY ਫਾਰਮੈਟ ਵਿੱਚ ਭਰਨੀ ਹੋਵੇਗੀ। ਆਨਲਾਈਨ ਫੀਸ ਭਰਨ ਲਈ ਬੈਂਕ ਦੀ ਵੈਬਸਾਈਟ ਤੇ LOGIN ਕਰਨ ਲਈ Registration Number ਅਤੇ ਜਨਮ ਮਿਤੀ DDMMYYYY ( ‘ / ’ ਅਤੇ ‘ - ’ ਤੋਂ ਬਿਨਾ) ਫਾਰਮੈਟ ਵਿੱਚ ਭਰਨੀ ਹੋਵੇਗੀ।**

VI. ਉਮੀਦਵਾਰ Online Application Submit ਕਰਨ ਉਪਰੰਤ ਵੈਬਸਾਈਟ ਤੇ ਮੌਜੂਦ “Upload Photo Sign/Pay Fee/Print Application” ਲਿੰਕ ਤੇ ਕਲਿੱਕ ਕਰਕੇ ਫੀਸ ਦਾ ਭੁਗਤਾਨ ਕਰ ਸਕਣਗੇ। ਉਮੀਦਵਾਰ Online Application Form submit/ਜਮ੍ਹਾਂ ਹੋਣ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ ਲੈ ਕੇ **ਫੀਸ ਅਦਾ ਕਰਨ ਦੀ ਆਖਰੀ ਮਿਤੀ 17/12/2025** ਤੱਕ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਚਲਾਨ ਰਾਹੀਂ ਜਾਂ ਕਿਸੇ ਵੀ ਦਿਨ Net Banking ਜਾਂ Credit Card ਜਾਂ Debit Card ਜਾਂ UPI ਰਾਹੀਂ ਫੀਸ ਜਮ੍ਹਾ ਕਰਵਾ ਸਕਣਗੇ। ਅਪਲਾਈ ਕਰਨ ਦੀ **ਆਖਰੀ ਮਿਤੀ 15/12/2025** ਨੂੰ ਸ਼ਾਮ 05-00 ਵਜ਼ੇ ਤੋਂ ਤੁਰੰਤ ਬਾਅਦ ਹਰ ਉਮੀਦਵਾਰ ਫੀਸ ਜਮ੍ਹਾ ਕਰਵਾ ਸਕਦਾ ਹੈ। ਇਸ ਸਮੇਂ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਇੱਕ ਦਿਨ ਛੱਡ ਕੇ ਅਗਲੀ ਮਿਤੀ ਦਾ ਇੰਤਜਾਰ ਕਰਨ ਦੀ ਜਰੂਰਤ ਨਹੀਂ ਹੈ। ਕਿਸੇ ਕਾਰਨ ਫੀਸ ਜਮਾਂ ਨਾ ਹੋਣ ਦੀ ਸੂਰਤ ਵਿੱਚ ਬੋਰਡ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

VII. ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application Form ਸਵੀਕਾਰ ਹੋਏਗਾ। ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application Form Generate/Download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜਿੰਮੇਵਾਰ ਹੋਣਗੇ।

VIII. ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

IX. ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

X. ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਏਗਾ।

XI. Challan/Net Banking/Credit Card/Debit Card/UPI ਰਾਹੀਂ ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

## 10. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:

ਹੇਠ ਦਰਸਾਈ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:-

(i) ਪੂਰੀ ਫੀਸ ਪ੍ਰਾਪਤ ਨਾ ਹੋਣ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣ ਜਾਂ ਕਿਸੇ ਵੀ ਕਾਰਨ ਫੀਸ ਪ੍ਰਾਪਤ ਨਾ ਹੋਣ ਦੀ ਸਥਿਤੀ ਵਿੱਚ ਪਾਤਰਤਾ ਰੱਦ ਸਮਝੀ ਜਾਏਗੀ;

(ii) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ;

(iii) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕਿਰਿਆ ਮੁਕੰਮਲ ਨਾ ਕਰਨਾ;

(iv) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;

(v) ਲੋੜੀਂਦੀ ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀ ਕੋਈ ਹੋਰ ਸ਼ਰਤ ਪੂਰੀ ਨਾ ਹੋਣਾ;

(vi) ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ;

(vii) ਲਿਖਤੀ ਪ੍ਰਿਖਿਆ ਵਿੱਚ ਫੇਲ/ਅਯੋਗ ਹੋਣ ਦੀ ਸਥਿਤੀ ਵਿੱਚ।

(viii) ਬੋਰਡ ਵੱਲੋਂ ਆਯੋਜਿਤ ਕਾਊਂਸਲਿੰਗ ਵਿੱਚ ਗੈਰ-ਹਾਜ਼ਰ ਰਹਿਣ ਦੀ ਸਥਿਤੀ ਵਿੱਚ।

## 11. ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜ਼ਰੂਰੀ ਹਦਾਇਤਾਂ:

(i) ਉਮੀਦਵਾਰਾਂ ਵੱਲੋਂ ਹਾਸਲ ਕੀਤਾ ਗਿਆ ਡਿਗਰੀ/ਡਿਪਲੋਮਾ/ਕੋਰਸ ਸਰਟੀਫਿਕੇਟ ਸਬੰਧਤ ਬੋਰਡ/ਸੰਸਥਾ/ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਤੇ ਜਾਰੀ guidelines/instructions ਅਨੁਸਾਰ ਅਤੇ ਮਾਨਤਾ ਪ੍ਰਾਪਤ ਬੋਰਡ/ਸੰਸਥਾ/ਯੂਨੀਵਰਸਿਟੀ ਤੋਂ ਜਾਰੀ ਕੀਤਾ ਹੋਣਾ ਲਾਜ਼ਮੀ ਹੈ।

(ii) ਉਪਰੋਕਤ ਦਰਸਾਈਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ।

(iii) ਮੁੱਢਲੀ ਤਨਖਾਹ ਅਤੇ ਹੋਰ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ), ਪੰਜਾਬ ਸਰਕਾਰ ਦਾ ਪੱਤਰ ਨੰ. 7/204/2012-4ਐਫ.ਪੀ.1/66 ਮਿਤੀ 15.01.2015 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

(iv) ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਬੋਰਡ ਵੱਲੋਂ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾਂ ਸ਼੍ਰੇਣੀ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

(v) ਇਨ੍ਹਾਂ ਅਸਾਮੀਆਂ ਦੀ ਸ਼੍ਰੇਣੀ ਵਾਈਜ਼ ਵੰਡ ਅਤੇ ਰਾਖਵਾਂਕਰਨ ਉਪਰੋਕਤ ਦਰਸਾਏ ਸਬੰਧਤ ਵਿਭਾਗ ਵੱਲੋਂ ਨਿਰਧਾਰਤ ਕੀਤਾ ਗਿਆ ਹੈ। ਇਨ੍ਹਾਂ ਅਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਸਬੰਧਤ ਵਿਭਾਗ/ਪੰਜਾਬ ਸਰਕਾਰ ਦੀਆਂ ਰਾਖਵਾਂਕਰਨ ਸਬੰਧੀ ਨੀਤੀ/ਹਦਾਇਤਾਂ/ਨਿਯਮਾਂ ਅਨੁਸਾਰ ਲਾਗੂ ਹੋਵੇਗਾ□ Economic weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੇ ਪੱਤਰ ਮਿਤੀ 10 ਫਰਵਰੀ, 2025 ਰਾਹੀਂ ਜਾਰੀ ਹਦਾਇਤਾਂ ਅਤੇ ਇਸਨੂੰ ਲਾਗੂ ਕਰਨ ਸਬੰਧੀ ਭਵਿੱਖ ਵਿੱਚ ਸਮੇਂ ਸਮੇਂ ਤੇ ਹੋਰ ਵੀ ਜਾਰੀ ਕੀਤੀਆਂ ਗਈਆਂ ਹਦਾਇਤਾਂ/ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

(vi) ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਕੇਵਲ ਬੋਰਡ ਦੀ ਵੈੱਬਸਾਈਟ *https://sssb.punjab.gov.in* ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

(vii) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(viii) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ।ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀਂ ਕੀਤੀ ਜਾਵੇਗੀ।

(ix) ਉਮੀਦਵਾਰ ਵੱਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਪੂਰੀ ਫੀਸ ਨਾ ਭਰ ਸਕਣ ਜਾਂ ਲੋੜੀਂਦੇ ਦਸਤਾਵੇਜ਼ ਅਪਲੋਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ-ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਨੂੰ ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਨਹੀਂ ਮੰਨਿਆ ਜਾਵੇਗਾ।

(x) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਦਰਸਾਈਆਂ ਹਦਾਇਤਾਂ ਮੁਤਾਬਕ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਵੈੱਬਸਾਈਟ ਤੇ ਨਾਲ ਹੀ ਅਪਲੋਡ ਕਰਨਗੇ।

(xi) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਲਿਖਤੀ ਪ੍ਰਿਖਿਆ ਦਾ ਸ਼ਡਿਊਲ/ਮਿਤੀ, Admit Card, ਨਤੀਜਾ, Merit List, ਕਾਉਂਸਲਿੰਗ ਅਤੇ ਹੋਰ ਮਹੱਤਵਪੂਰਨ ਮਿਤੀਆਂ ਅਤੇ ਭਰਤੀ ਪ੍ਰਕਿਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹਰ ਤਰ੍ਹਾਂ ਦੀ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਵੇਗੀ ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਲਗਾਤਾਰ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰਾਂ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

(xii) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(xiii) ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਅਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਅਸਾਮੀਆਂ ਦੀ ਉਪਲੱਬਤਾ ਅਨੁਸਾਰ ਭਰੀਆਂ ਜਾਣਗੀਆਂ।

(xiv)

(xv) ਆਨਲਾਈਨ ਅਪਲਾਈ ਕਰਨ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਲਿਖਤੀ ਪ੍ਰੀਖਿਆ ਪਾਸ ਕਰਨ ਅਤੇ ਅਸਾਮੀ ਲਈ ਹਰ ਲੋੜੀਂਦੀ ਯੋਗਤਾ ਪੂਰੀ ਕਰਨ ਤੇ ਅਸਾਮੀਆਂ ਦੀ ਉਪਲਬਧਤਾ ਮੁਤਾਬਕ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ। ਤੈਅ ਸਮੇਂ-ਸੀਮਾ ਅੰਦਰ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

(xvi) ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬਧ ਕਰਵਾਏ ਗਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

(xvii) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਉਪਰੋਕਤ ਅਸਾਮੀਆਂ ਸਬੰਧੀ ਲੋੜੀਂਦੀ ਯੋਗਤਾ ਅਤੇ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਉਮੀਦਵਾਰ ਵੱਲੋਂ ਕਾਉਂਸਲਿੰਗ ਸਮੇਂ ਅਸਲ ਦਸਤਾਵੇਜ ਦੇ ਆਧਾਰ ਤੇ ਉਮਰ, ਵਿੱਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜ ਸਬੰਧੀ ਤਸਦੀਕ ਕਰਨੀ ਹੋਵੇਗੀ ਅਤੇ ਆਪਣੇ ਰਾਖਵਾਂਕਰਨ ਦੇ ਸਰਟੀਫਿਕੇਟ ਵੀ ਪੇਸ਼ ਕਰਨੇ ਹੋਣਗੇ। ਇਨ੍ਹਾਂ ਦਸਤਾਵੇਜਾਂ ਦੇ ਹਰ ਪੱਖੋਂ ਸਹੀ ਸਿੱਧ ਹੋਣ ਅਤੇ ਲੋੜੀਂਦੀਆਂ ਸ਼ਰਤਾਂ/ਯੋਗਤਾਵਾਂ ਪੂਰੀਆਂ ਕਰਨ, ਉਸਦੀ ਪਾਤਰਤਾ ਸਿੱਧ ਹੋਣ ਅਤੇ ਅਸਾਮੀਆਂ ਦੀ ਉਪਲਬਧਤਾ ਹੋਣ ਦੀ ਸਥਿਤੀ ਵਿੱਚ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ।

(xviii) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ ਅਤੇ ਤਕਨੀਕੀ ਯੋਗਤਾ ਨਾਲ ਸਬੰਧਤ ਆਪਣੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

(xix) ਲਿਖਤੀ ਪ੍ਰਿਖਿਆ/ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(xx) ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਬੋਰਡ/ਬੈਂਕ ਦੁਆਰਾ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

(xxi) ਇਸ ਭਰਤੀ ਸਬੰਧੀ ਬੋਰਡ ਦੁਆਰਾ ਭਵਿੱਖ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ਨੋਟਿਸ/Corrigendum ਜਾਂ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ ਤੇ ਜਾਰੀ ਹਦਾਇਤਾਂ/ਨਿਯਮ ਇਸ ਭਰਤੀ ਤੇ ਲਾਗੂ ਹੋਣਗੇ ਅਤੇ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

(xxii) ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਬੋਰਡ ਜਾਂ ਬੋਰਡ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

(xxiii) ਉਪਰੋਕਤ ਦਰਸਾਈਆਂ ਅਸਾਮੀਆਂ ਦੀਆਂ ਸ਼ਰਤਾਂ/ਨਿਯਮ/ਰਾਖਵਾਂਕਰਨ ਸਬੰਧਤ ਵਿਭਾਗ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ/ਜਾਣਕਾਰੀ ਤੇ ਅਧਾਰਿਤ ਹਨ। ਇਸ ਸਬੰਧੀ ਹਰ ਤਰ੍ਹਾਂ ਦੀ ਜਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

(xxiv) ਇਨ੍ਹਾਂ ਅਸਾਮੀਆਂ ਲਈ ਆਨਲਾਈਨ ਬਿਨੈ (Online Apply) ਕਰਨ ਸਬੰਧੀ ਕੋਈ ਮੁਸ਼ਕਲ/ਔਕੜ (Technical issue) ਆਉਣ ਤੇ email ਰਾਹੀਂ **helpsssb.pb@gmail.com** ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxv) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 09.00 am ਤੋਂ 05.00 pm ਦਫਤਰ ਦੇ ਟੈਲੀਫੋਨ ਨੰ. 0172-2298000 (Extension No. 5106 and 5107) ਅਤੇ 0172-2298083 ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxvi) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

**ਸਥਾਨ: ਐਸ.ਏ.ਐਸ. ਨਗਰ**

**ਮਿਤੀ: 14/11/2025**

**ਸਕੱਤਰ**

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**